# ਪ੍ਰਧਾਨ ਮੰਤਰੀ ਦੀ ਸੀਓਪੀ28 ਦੇ ਪ੍ਰਧਾਨ-ਨਿਯੁਕਤ ਡਾ. ਸੁਲਤਾਨ ਅਲ ਜਾਬੇਰ ਨਾਲ ਮੁਲਾਕਾਤ

15 ਜੁਲਾਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 15 ਜੁਲਾਈ 2023 ਨੂੰ ਅਬੂ ਧਾਬੀ ਵਿੱਚ ਸੀਓਪੀ28 ਦੇ ਪ੍ਰਧਾਨ-ਨਿਯੁਕਤ ਡਾ. ਸੁਲਤਾਨ ਅਲ ਜਾਬੇਰ ਅਤੇ ਅਬੂ ਧਾਬੀ ਨੈਸ਼ਨਲ ਆਇਲ ਕੰਪਨੀ ਦੇ ਸਮੂਹ ਸੀ.ਈ.ਓ ਨਾਲ ਮੁਲਾਕਾਤ ਕੀਤੀ।

2. ਇਸ ਚਰਚਾ ਦਾ ਵਿਸ਼ਾ ਯੂਏਈ ਦੀ ਪ੍ਰਧਾਨਗੀ ਅਧੀਨ ਯੂਐੱਨਐੱਫਸੀਸੀਸੀ ਦਾ ਆਗਾਮੀ ਸੀਓਪੀ28 ਰਿਹਾ। ਡਾ. ਜਾਬਰ ਨੇ ਪ੍ਰਧਾਨ ਮੰਤਰੀ ਨੂੰ ਇਸ ਮਹੱਤਵਪੂਰਨ ਮੀਟਿੰਗ ਵਿੱਚ ਯੂਏਈ ਦੁਆਰਾ ਅਪਣਾਈ ਪਹੁੰਚ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਨੇ ਉਹਨਾਂ ਦੀ ਇਸ ਸੀਓਪੀ-28 ਪ੍ਰਧਾਨਗੀ ਸਬੰਧੀ ਯੂਏਈ ਨੂੰ ਭਾਰਤ ਵਲੋਂ ਪੂਰਨ ਸਮਰਥਨ ਦੇਣ ਦੀ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਸਬੰਧੀ ਭਾਰਤ ਦੇ ਯਤਨਾਂ ਅਤੇ ਪਹਿਲਕਦਮੀਆਂ ਦਾ ਪ੍ਰਗਟਾਵਾ ਕੀਤਾ, ਜਿਸ ਵਿੱਚ ਅੰਤਰਰਾਸ਼ਟਰੀ ਸੋਲਰ ਗਠਜੋੜ, ਲਚਕੀਲੇ ਆਫਤ ਬੁਨਿਆਦੀ ਢਾਂਚੇ ਦੇ ਗਠਜੋੜ, ਮਿਲਟ ਦੇ ਅੰਤਰਰਾਸ਼ਟਰੀ ਸਾਲ ਅਤੇ ਵਾਤਾਵਰਣ ਲਈ ਜੀਵਨ ਸ਼ੈਲੀ ਮਿਸ਼ਨ (ਲਾਈਫ) ਸ਼ਾਮਲ ਸਨ।

3. ਇਸ ਵਿਚਾਰ-ਵਟਾਂਦਰੇ ਵਿੱਚ ਭਾਰਤ ਅਤੇ ਯੂਏਈ ਦਰਮਿਆਨ ਊਰਜਾ ਸਹਿਯੋਗ ਸਬੰਧੀ ਗੱਲਬਾਤ ਵੀ ਕੀਤੀ ਗਈ।

**ਅਬੂ ਧਾਬੀ**
**15 ਜੁਲਾਈ, 2023**